# ਸਾਲ 2006-07, 2007-08 ਅਤੇ 2008-09 ਦੇ ਦੌਰਾਨ ਹੱਥਖੱਡੀ ਏਜੰਸੀਆਂ ਵਲੋਂ ਹੱਥਖੱਡੀ ਉਤਪਾਦਾਂ ਦੀ ਵਿਕਰੀ ਉੱਤੇ ਦਿੱਤੀ ਜਾਣ ਵਾਲੀ 10% ਦੀ ਦਰ ਨਾਲ ਇਕੋ-ਵਾਰ ਛੋਟ ਦੀ ਪ੍ਰਤੀਪੂਰਤੀ ਦੀ ਯੋਜਨਾ

## 1. ਭੂਮਿਕਾ :-

ਭਾਰਤ ਵਿਚ ਰੋਜ਼ਗਾਰ ਪੈਦਾ ਕਰਨ 'ਚ ਖੇਤੀ ਤੋਂ ਬਾਅਦ ਹੱਥਖੱਡੀ ਖੇਤਰ ਦਾ ਸਥਾਨ ਹੈ। ਇਸ ਨਾਲ ਸਮਾਜ ਦੇ ਲਾਭ ਤੋਂ ਵਾਂਝੇ ਵਰਗਾਂ ਦੇ ਲਗਭਗ 65 ਲੱਖ ਵਿਅਕਤੀਆਂ ਨੂੰ ਰੋਜ਼ਗਾਰ ਪ੍ਰਾਪਤ ਹੁੰਦਾ ਹੈ। ਮਿਹਨਤ ਭਰਿਆ ਹੋਣ ਅਤੇ ਸਰੂਪ ਵਿਚ ਬਿਖਰਿਆ (ਵਿਕੇਂਦਰੀਕ੍ਰਿਤ) ਹੋਣ ਦੇ ਕਾਰਨ ਹੱਥਖੱਡੀ ਖੇਤਰ ਦੀਆਂ ਕੁਝ ਕਮੀਆਂ ਵੀ ਹਨ, ਜਿਵੇਂ ਬਿਜਲੀ ਖੱਡੀ ਅਤੇ ਮਿੱਲ ਖੇਤਰ ਦੇ ਸਨਮੁਖ ਹੱਥਖੱਡੀ ਉਤਪਾਦਾਂ ਦੇ ਉਤਪਾਦਨ ਦੀ ਉੱਚੀ ਲਾਗਤ ਅਤੇ ਉਨ੍ਹਾਂ ਦੇ ਵਪਾਰ ਦੀ ਸਮੱਸਿਆ।

ਬਿਖਰੇ ਹੋਏ (ਵਿਕੇਂਦਰੀਕ੍ਰਿਤ) ਹੱਥਖੱਡੀ ਬੁਣਕਰ ਆਪਣੇ ਉਤਪਾਦਾਂ ਦੇ ਵਪਾਰ ਲਈ ਪੂਰੀ ਤਰ੍ਹਾਂ ਨਾਲ ਹੱਥਖੱਡੀ ਏਜੰਸੀਆਂ ਅਤੇ ਨਿਜੀ ਵਪਾਰੀਆਂ ਉੱਤੇ ਨਿਰਭਰ ਹੁੰਦੇ ਹਨ। ਯੋਜਨਾਵਾਂ ਦੀ ਸਹਾਇਤਾ ਦੇ ਰੂਪ ਵਿਚ ਸਰਕਾਰੀ ਦਖ਼ਲ ਕਾਰਨ ਹੱਥਖੱਡੀ ਬੁਣਕਰਾਂ ਦੇ ਉਤਪਾਦਾਂ ਦੇ ਵਪਾਰ ਅਤੇ ਉਸ ਨਾਲ ਉਨ੍ਹਾਂ ਦੇ ਰੋਜ਼ਗਾਰ ਵਿਚ ਹੱਥਖੱਡੀ ਸੰਗਠਨਾਂ ਨੂੰ ਮਦਦ ਮਿਲੀ ਹੈ।

ਹੱਥਖੱਡੀ ਖੇਤਰ ਵਿਚ ਪਹਿਲਾਂ ਕੁਝ ਪ੍ਰੋਤਸਾਹੀ ਯੋਜਨਾਵਾਂ ਸਨ—ਜਿਵੇਂ ਵਪਾਰ ਵਿਕਾਸ ਸਹਾਇਤਾ ਯੋਜਨਾ, ਛੂਟ ਯੋਜਨਾ, ਹੈਂਕਯਾਰਨ ਉੱਤੇ ਕੇਂਦਰੀ ਵੈਟ ਦੀ ਪ੍ਰਤੀਪੂਰਤੀ ਦੀ ਯੋਜਨਾ ਆਦਿ। ਹੁਣ ਇਨ੍ਹਾਂ ਯੋਜਨਾਵਾਂ ਨੂੰ ਖ਼ਤਮ ਕਰ ਦਿੱਤਾ ਗਿਆ ਹੈ। ਤਦ ਵੀ, ਵਰਤਮਾਨ ਸਮੇਂ ਵਿਚ ਹੱਥਖੱਡੀ ਏਜੰਸੀਆਂ ਨੂੰ ਦੀਨ ਦਿਆਲ ਹੱਥਖੱਡੀ ਪ੍ਰੋਤਸਾਹਨ ਯੋਜਨਾ ਦੇ ਵਪਾਰ ਪ੍ਰੋਤਸਾਹਨ ਘਟਕ ਦੇ ਅਧੀਨ ਸਹਾਇਤਾ ਉਪਲਬਧ ਹੈ ਜਿਸ ਨਾਲ ਉਨ੍ਹਾਂ ਨੂੰ ਹੱਥਖੱਡੀ ਉਤਪਾਦਾਂ ਦੇ ਵਪਾਰ ਵਿਚ ਪ੍ਰਸਥਿਤੀਆਂ ਨੂੰ ਅਨੁਕੂਲ ਬਣਾਉਣ ਵਿਚ ਮਦਦ ਮਿਲਦੀ ਹੈ। ਇਹ ਯੋਜਨਾ 1.4.2000 ਤੋਂ ਅਰੰਭ ਕੀਤੀ ਗਈ ਸੀ ਅਤੇ 31.0.2007 ਤਕ ਜਾਰੀ ਰਹੇਗੀ।

ਹੱਥਖੱਡੀ ਸੰਗਠਨਾਂ/ਸੁਸਾਇਟੀਆਂ/ਬੁਣਕਰਾਂ ਲਈ ਵਪਾਰ ਹਮੇਸ਼ਾ ਸਮੱਸਿਆ ਬਣੀ ਰਹੀ ਹੈ। ਇਸ ਅਨੁਸਾਰ ਵਿਸ਼ੇਸ਼ ਰੂਪ ਨਾਲ ਬਿਜਲੀ-ਖੱਡੀ ਅਤੇ ਮਿੱਲ ਖੇਤਰਾਂ ਦੇ ਕੱਪੜਾ ਉਤਪਾਦ ਦੇ ਸਨਮੁਖ ਕਠਿਨ ਮੁਕਾਬਲੇ ਦੇ ਹੁੰਦੇ ਹੋਏ ਹੱਥਖੱਡੀ ਉਤਪਾਦਾਂ ਦੇ ਵਪਾਰ ਵਿਚ ਵਾਧੇ ਦੇ ਉਦੇਸ਼ ਨਾਲ ਭਾਰਤ ਸਰਕਾਰ ਨੇ 100 ਕਰੋੜ ਰੁਪਏ ਦੇ ਬਜਟ ਪ੍ਰਬੰਧ ਨਾਲ 15 ਜਨਵਰੀ, 2004 ਨੂੰ 10 ਪ੍ਰਤੀਸ਼ਤ ਛੂਟ ਯੋਜਨਾ ਨੂੰ ਪ੍ਰਵਾਨਿਤ ਕੀਤਾ। ਇਸ ਯੋਜਨਾ ਦੇ ਲਾਗੂ ਹੋਣ ਨਾਲ ਹੱਥਖੱਡੀ ਖੇਤਰ ਨੂੰ 957 ਕਰੋੜ ਰੁਪਏ ਦੇ ਹੱਥਖੱਡੀ ਉਤਪਾਦਾਂ ਦੇ ਵਪਾਰ ਅਤੇ ਉਨ੍ਹਾਂ ਦੀ ਵਸਤੂ ਸੂਚੀ/ਜਮ੍ਹਾ ਸਟਾਕ ਨੂੰ ਘੱਟ ਕਰਨ ਵਿਚ ਮਦਦ ਮਿਲੀ ਹੈ। ਇਸ ਯੋਜਨਾ ਨੂੰ 31.3.2005 ਤੋਂ ਖ਼ਤਮ ਕਰ ਦਿੱਤਾ ਗਿਆ ਹੈ।

ਛੋਟ ਦੀ ਯੋਜਨਾ ਨੂੰ ਖ਼ਤਮ ਕਰਨ ਮਗਰੋਂ, ਅਨੇਕ ਰਾਜ ਸਰਕਾਰਾਂ ਅਤੇ ਹੱਥਖੱਡੀ ਸੰਗਠਨ ਇਸ ਯੋਜਨਾ ਨੂੰ ਮੁੜ ਅਰੰਭ ਕਰਨ ਦੀ ਜ਼ਰੂਰਤ ਉੱਤੇ ਜ਼ੋਰ ਦਿੰਦੇ ਰਹੇ। ਦੀਨ ਦਿਆਲ ਹੱਥਖੱਡੀ ਪ੍ਰੋਤਸਾਹਨ ਯੋਜਨਾ ਦੇ ਵਪਾਰ ਪ੍ਰੋਤਸਾਹਨ ਘਟਕ ਦੇ ਅਧੀਨ ਉਪਲਬਧ ਵਪਾਰ ਸਹਾਇਤਾ ਅਤੇ ਸੇਨਵੇਟ ਯੋਜਨਾ ਨੂੰ ਵਾਪਸ ਲੈਣ ਨਾਲ ਛੋਟ ਯੋਜਨਾ ਨੂੰ ਮੁੜ ਅਰੰਭ ਕਰਨ ਦੀ ਜ਼ਰੂਰਤ ਨੂੰ ਵਧਾ ਦਿੱਤਾ ਹੈ।

ਇਸ ਅਨੁਸਾਰ ਇਸ ਯੋਜਨਾ ਨੂੰ ਮੁੜ ਅਰੰਭ ਕਰਨ ਲਈ ਵਿੱਤ ਮੰਤਰਾਲਾ ਅਤੇ ਮੰਤਰੀ ਮੰਡਲ ਦੀ ਆਰਥਿਕ ਕਮੇਟੀ ਦੇ ਸਾਹਮਣੇ ਇਕ ਪ੍ਰਸਤਾਵ ਰਖਿਆ ਗਿਆ। ਮੰਤਰੀ ਮੰਡਲ ਦੀ ਆਰਥਿਕ ਕਮੇਟੀ ਦੀ 10.08.2006 ਨੂੰ ਆਯੋਜਿਤ ਬੈਠਕ ਵਿਚ ਇਸ ਯੋਜਨਾ ਨੂੰ 2006-07 ਤੋਂ 2008-09 ਤਕ ਤਿੰਨ ਸਾਲਾਂ ਦੇ ਪੀਰੀਅਡ ਲਈ ਮੁੜ ਅਰੰਭ ਕਰਨ ਦੀ ਮਨਜ਼ੂਰੀ ਦੇ ਦਿੱਤੀ ਗਈ। ਇਸ ਯੋਜਨਾ ਦਾ ਸੌ ਪ੍ਰਤੀਸ਼ਤ ਆਰਥਿਕ ਪੋਸ਼ਣ ਕੇਂਦਰੀ ਸਰਕਾਰ ਵਲੋਂ ਕੀਤਾ ਜਾਏਗਾ ਜਿਸ ਦਾ ਕੁਲ ਬਜਟ 100 ਕਰੋੜ ਰੁਪਏ ਹੋਵੇਗਾ।

## 2. ਯੋਜਨਾ ਦਾ ਉਦੇਸ਼

ਯੋਜਨਾ ਦਾ ਮੁੱਖ ਉਦੇਸ਼, ਰਾਸ਼ਟਰੀ ਪੱਧਰ ਦੇ ਹੱਥਖੱਡੀ ਸੰਗਠਨਾਂ/ਏਜੰਸੀਆਂ, ਜਿਵੇਂ (i) ਰਾਸ਼ਟਰੀ ਹੱਥਖੱਡੀ ਵਿਕਸ ਨਿਗਮ, (ii) ਅਖਿਲ ਭਾਰਤੀ ਹੱਥਖੱਡੀ ਫੈਬਰਿਕਸ ਵਪਾਰ ਸਹਿਕਾਰੀ ਕਮੇਟੀ, (iii) ਹਸਤਸ਼ਿਲਪ ਅਤੇ ਹੱਥਖੱਡੀ ਨਿਰਯਾਤ ਨਿਗਮ ਦੇ ਨਾਲ-ਨਾਲ ਰਾਜ ਪੱਧਰੀ ਸੰਗਠਨਾਂ, ਜਿਵੇਂ (i) ਰਾਜ ਹੱਥਖੱਡੀ ਨਿਗਮਾਂ/ਰਾਜ ਅਪੈਕਸ ਸਹਿਕਾਰੀ ਸੁਸਾਇਟੀਆਂ/ ਹੱਥਖੱਡੀ ਬੋਰਡਾਂ/ਖੇਤਰੀ ਹੱਥਖੱਡੀ ਸੰਗਠਨਾਂ, ਅਤੇ (ii) ਪ੍ਰਾਥਮਿਕ ਹੱਥਖੱਡੀ ਬੁਣਕਰ ਸਹਿਕਾਰੀ ਸੁਸਾਇਟੀਆਂ ਆਦਿ ਨੂੰ ਉਨ੍ਹਾਂ ਦੇ ਵਲੋਂ ਆਪਣੇ ਇੰਪੋਰੀਅਮਾਂ ਦੇ ਮਾਧਿਅਮ ਨਾਲ ਬਣੇ ਹੱਥਖੱਡੀ ਕੱਪੜੇ ਦੀ ਵਿਕਰੀ ਅਤੇ ਰਾਸ਼ਟਰੀ/ਵਿਸ਼ੇਸ਼ ਹੱਥਖੱਡੀ ਐਕਸਪੋ, ਜ਼ਿਲ੍ਹਾ ਪੱਧਰੀ ਆਯੋਜਨਾਂ ਆਦਿ ਵਿਚ ਹੋਰ ਵਿਕਰੀ ਕੇਂਦਰਾਂ ਅਤੇ/ਜਾਂ/ਵਿਸ਼ੇਸ਼ ਮੇਲਿਆਂ/ਪ੍ਰਦਰਸ਼ਨੀਆਂ ਦੇ ਆਯੋਜਨ ਨਾਲ/ਹਿੱਸਾ ਲੈ ਕੇ 10 ਪ੍ਰਤੀਸ਼ਤ ਛੋਟ ਦੀ ਪ੍ਰਤੀਪੂਰਤੀ ਰਾਹੀਂ ਵਪਾਰ ਸਹਾਇਤਾ ਪ੍ਰਦਾਨ ਕਰਨਾ ਹੈ। ਇਸ ਨਾਲ ਉਨ੍ਹਾਂ ਦੇ ਮੌਜੂਦਾ ਵਪਾਰਕ ਯਤਨ ਪੂਰੇ ਹੋਣਗੇ ਜਿਸਦੇ ਰਾਹੀਂ ਉਤਪਾਦਨ ਚੱਕ੍ਰ ਨੂੰ ਕਾਇਮ ਰਖਣ ਲਈ ਕਾਰਜ ਖੇਤਰ ਦਾ ਨਿਰਮਾਣ ਹੁੰਦਾ ਰਹੇਗਾ ਅਤੇ ਹੱਥਖੱਡੀ ਬੁਣਕਰਾਂ ਦਾ ਮੌਜੂਦਾ ਰੋਜ਼ਗਾਰ ਬਣਿਆ ਰਹੇਗਾ।

## 3. ਯੋਜਨਾ ਦਾ ਕਾਰਜ

ਇਹ ਯੋਜਨਾ ਰਾਜ ਸਰਕਾਰਾਂ ਦੇ ਮਾਧਿਅਮ ਨਾਲ ਲਾਗੂ ਕੀਤੀ ਜਾਏਗੀ। ਕਾਰਜਕਾਰੀ ਏਜੰਸੀਆਂ ਨਿਰਧਾਰਤ ਫਾਰਮ ’ਤੇ ਆਪਣਾ ਦਾਅਵਾ ਤਿਆਰ ਕਰਨਗੀਆਂ ਅਤੇ ਉਸ ਨੂੰ ਸਬੰਧਤ ਰਾਜ ਦੇ ਹੱਥਖੱਡੀ ਦੇ ਇੰਚਾਰਜ ਨਿਦੇਸ਼ਕ ਦੇ ਸਾਹਮਣੇ ਪੇਸ਼ ਕਰਨਗੀਆਂ ਜੋ ਉਸ ਦੀ ਜਾਂਚ ਕਰਨਗੇ ਅਤੇ ਉਸ ਨੂੰ ਲੋੜੀਂਦਾ ਫੰਡ ਜਾਰੀ ਕਰਨ ਲਈ ਆਪਣੀ ਸਿਫ਼ਾਰਸ਼ ਦੇ ਨਾਲ ਹੱਥਖੱਡੀ ਵਿਕਾਸ ਕਮਿਸ਼ਨਰ ਦਫ਼ਤਰ ਵਿਚ ਪੇਸ਼ ਕਰਨਗੇ। ਕਾਰਜਕਾਰੀ ਏਜੰਸੀਆਂ ਨੂੰ ਭੁਗਤਾਨ ਲਈ ਸਹਾਇਤਾ ਰਕਮ ਰਾਜ ਸਰਕਾਰਾਂ/ਯੂਨੀਅਨ ਟੈਰੀਟਰੀਜ਼ ਨੂੰ ਜਾਰੀ ਕੀਤੀ ਜਾਏਗੀ। ਰਾਸ਼ਟਰੀ ਪੱਧਰ ਦੇ ਹੱਥਖੱਡੀ ਸੰਗਠਨਾਂ ਦੇ ਮਾਮਲੇ ਵਿਚ ਜੋ ਰਾਜ ਸਰਕਾਰ ਦੇ ਨਿਯੰਤ੍ਰਣ ਵਿਚ ਨਹੀਂ ਆਉਂਦੇ, ਉਨ੍ਹਾਂ ਨੂੰ ਸਹਾਇਤਾ ਰਕਮ ਸਿੱਧੇ ਜਾਰੀ ਕੀਤੀ ਜਾਏਗੀ।

## 4. ਯੋਜਨਾ ਦਾ ਪੀਰੀਅਡ

ਪ੍ਰਸਤਾਵਿਤ ਛੂਟ ਯੋਜਨਾ 1.4.2006 ਤੋਂ ਤਿੰਨ ਸਾਲ ਦੇ ਪੀਰੀਅਡ ਲਈ ਮੁੜ ਸ਼ੁਰੂ ਕੀਤੀ ਜਾਏਗੀ ਅਤੇ 31.3.2009 ਤਕ ਜਾਰੀ ਰਹੇਗੀ।

## 5. ਬਜਟ ਸਬੰਧੀ ਸਹਾਇਤਾ

ਇਸ ਯੋਜਨਾ ਦਾ ਸੌ ਪ੍ਰਤੀਸ਼ਤ ਆਰਥਿਕ ਪੋਸ਼ਣ ਕੇਂਦਰੀ ਸਰਕਾਰ ਵਲੋਂ ਕੀਤਾ ਜਾਏਗਾ। ਇਸ ਦੇ ਲਈ 100.00 ਕਰੋੜ ਰੁਪਏ ਦੀ ਬਜਟ ਸਬੰਧੀ ਸਹਾਇਤਾ ਹੋਵੇਗੀ।

## 6. ਤਿਉਹਾਰਾਂ ਦਾ ਕੈਲੰਡਰ

ਇਸ ਯੋਜਨਾ ਨੂੰ ਲਾਗੂ ਕਰਨ ਲਈ ਤਿਉਹਾਰਾਂ ਦਾ ਕੈਲੰਡਰ ਇਸ ਤਰ੍ਹਾਂ ਹੈ :-

| ਤਿਉਹਾਰ ਦਾ ਨਾਂ | ਦਿਨਾਂ ਦੀ ਗਿਣਤੀ |
|---|---|
| ਮਹਾਂਵੀਰ ਜਯੰਤੀ ਤੇ ਗੁੱਡ ਫਰਾਈਡੇ | 9 ਦਿਨ |
| ਮਿਲਾਦ-ਉਨ-ਨਬੀ (ਹਜ਼ਰਤ ਮੁਹੰਮਦ ਦਾ ਜਨਮ ਦਿਨ) ਅਤੇ ਬੁੱਧ ਪੂਰਨਿਮਾ | 9 ਦਿਨ |
| ਰੱਥ ਯਾਤਰਾ | 9 ਦਿਨ |
| ਸੁਤੰਤਰਤਾ ਦਿਵਸ/ਗਣੇਸ਼ ਚਤੁਰਥੀ/ਪਾਰਸੀ ਨਵਾਂ ਸਾਲ/ਓਨਮ/ਰੱਖੜੀ | 20 ਦਿਨ |
| ਗਾਂਧੀ ਜਯੰਤੀ/ਦਸ਼ਹਿਰਾ/ਦੁਰਗਾ ਪੂਜਾ/ਦੀਵਾਲੀ/ਭਾਈ ਦੂਜ ਤੇ ਈਦ-ਉਲ-ਫਿੱਤਰ | 45 ਦਿਨ |
| ਕ੍ਰਿਸਮਸ/ਮਕਰ ਸੰਕ੍ਰਾਂਤੀ/ਮਾਘ ਬਿਹੂ/ਪੋਂਗਲ | 26 ਦਿਨ |
| ਹੋਲੀ | 10 ਦਿਨ |
| ਕੁਲ | 128 ਦਿਨ |

7. ਉਪਰੋਕਤ ਤੋਂ ਇਲਾਵਾ, ਹੱਥਖੱਡੀ ਵਿਕਾਸ ਕਮਿਸ਼ਨਰ ਦੇ ਦਫ਼ਤਰ ਵਲੋਂ ਮਨਜ਼ੂਰ ਸਾਰੇ ਰਾਸ਼ਟਰੀ ਪੱਧਰ ਦੇ ਹੱਥਖੱਡੀ ਐਕਸਪੋ/ਵਿਸ਼ੇਸ਼ ਹੱਥਖੱਡੀ ਐਕਸਪੋ, ਜ਼ਿਲ੍ਹਾ ਪੱਧਰੀ ਪ੍ਰੋਗਰਾਮਾਂ, ਸ਼ਿਲਪ ਮੇਲਿਆਂ ਆਦਿ ਵਿਚ ਕੀਤੀ ਗਈ ਵਿਕਰੀ ਵੀ, ਵੇਚੇ ਗਏ ਹੱਥਖੱਡੀ ਸਮਾਨ ਦੇ ਮੁੱਲ ਦੇ 10% ਦੀ ਦਰ ਨਾਲ ਵਿਸ਼ੇਸ਼ ਛੋਟ ਦੀ ਪ੍ਰਤੀਪੂਰਤੀ ਲਈ ਯੋਗ ਹੋਣਗੇ। ਰਾਜ ਸਰਕਾਰਾਂ/ਯੂਨੀਅਨ ਟੈਰੀਟਰੀਆਂ ਦੇ ਕੋਲ ਵੀ ਹੱਥਖੱਡੀ ਵਿਕਾਸ ਕਮਿਸ਼ਨਰ ਤੋਂ ਮਨਜ਼ੂਰੀ ਪ੍ਰਾਪਤ ਕਰਨ ਮਗਰੋਂ ਪੈਰ੍ਹਾ 6 ਦੇ ਅਧੀਨ ਦੱਸੇ ਤਿਉਹਾਰਾਂ ਨੂੰ ਛੱਡ ਕੇ ਕਿਸੇ ਇਕ ਮਾਨਤਾ ਪ੍ਰਾਪਤ ਮਹੱਤਵਪੂਰਨ ਤਿਉਹਾਰ/ਮੌਕੇ ਦੇ ਲਈ ਵੱਧ ਤੋਂ ਵੱਧ ਕੁਲ 7 ਦਿਨਾਂ ਦੇ ਸਮੇਂ ਲਈ ਇਸ ਯੋਜਨਾਂ ਦੇ ਲਾਭ ਨੂੰ ਵਿਸਤਾਰ ਦੇਣ ਦਾ ਵਿਕਲਪ ਹੋਵੇਗਾ।

## 8. ਲਾਭ ਪ੍ਰਾਪਤਕਰਤਾ

ਅੰਤਮ ਲਾਭ ਪ੍ਰਾਪਤਕਰਤਾ ਹੱਥਖੱਡੀ ਬੁਣਕਰ ਤੇ ਫਿਰ ਕਾਰਜਕਾਰੀ ਏਜੰਸੀ ਹੋਵੇਗੀ ਕਿਉਂਕਿ ਯੋਜਨਾ ਦੇ ਅਰੰਭ ਤੋਂ, ਕਾਰਜਕਾਰੀ ਏਜੰਸੀਆਂ ਉਨ੍ਹਾਂ ਦੇ ਕੋਲ ਉਪਲਬਧ ਹੱਥਖੱਡੀ ਭੰਡਾਰਾਂ ਨੂੰ ਅਜਿਹੀ ਵਿਕਰੀ ਉੱਤੇ ਛੋਟ ਦੇ ਕੇ ਵੇਚ ਸਕੇਗੀ ਅਤੇ ਉਸ ਦੇ ਮਾਧਿਅਮ ਨਾਲ ਆਪਣੇ ਮੈਂਬਰ ਬੁਣਕਰਾਂ/ਮੈਂਬਰ ਸੁਸਾਇਟੀਆਂ/ਹੱਥਖੱਡੀ ਬੁਣਕਰਾਂ ਦੀਆਂ ਸਹਿਕਾਰੀ ਸੁਸਾਇਟੀਆਂ ਤੋਂ ਹੱਥਖੱਡੀ ਭੰਡਾਰਾਂ ਦੀ ਖਰੀਦ ਸਬੰਧੀ/ਅੱਗੇ ਉਤਪਾਦਨ ਲਈ ਸੰਭਾਵਨਾ ਨਿਸ਼ਚਿਤ ਕਰੇਗੀ।

## 9. ਵਿਸ਼ੇਸ਼ ਛੂਟ ਦੀ ਦਰ

ਉਪਰੋਕਤ ਪੈਰ੍ਹਾ 6 ਅਤੇ 7 ਵਿਚ ਦੱਸੇ ਆਯੋਜਨਾਂ/ਤਿਉਹਾਰਾਂ ਤੇ ਛੋਟ ਦਿੰਦੇ ਹੋਏ ਵੇਚੇ ਗਏ ਹੱਥਖੱਡੀ ਕੱਪੜੇ ਦੀ ਕੀਮਤ ਦਾ 10% ਤਕ ਪ੍ਰਤੀਪੂਰਤੀ ਦੇ ਰੂਪ ਵਿਚ ਹੋਵੇਗੀ।

## 10. ਪ੍ਰਤੀਪੂਰਤੀ ਦੀਆਂ ਸ਼ਰਤਾਂ

(i) ਯੋਜਨਾ ਦੇ ਅਧੀਨ ਪੂਰੀ ਸਹਾਇਤਾ ਰਾਜ ਸਰਕਾਰ ਦੇ ਮਾਧਿਅਮ ਨਾਲ ਜਾਰੀ ਕੀਤੀ ਜਾਣ ਵਾਲੀ ਕੇਂਦਰੀ ਸਹਾਇਤਾ ਦੇ ਰੂਪ ਵਿਚ ਹੋਵੇਗੀ। ਰਾਸ਼ਟਰੀ ਪੱਧਰ ਦੇ ਸੰਗਠਨਾਂ ਨੂੰ ਸਹਾਇਤਾ ਸਿੱਧੇ ਜਾਰੀ ਕੀਤੀ ਜਾਏਗੀ।

(ii) 10% ਛੋਟ ਯੋਜਨਾ ਦੇ ਕਾਰਜਕਾਲ ਦੇ ਪੀਰੀਅਡ ਦੌਰਾਨ ਯੋਗ ਏਜੰਸੀ ਵਲੋਂ ਸਾਰੇ ਹੱਥਖੱਡੀ ਉਤਪਾਦਾਂ ਦੀ ਕੁਲ ਵਿਕਰੀ ਉੱਤੇ ਉਪਲਬਧ ਹੋਵੇਗੀ। ਹਾਲਾਂਕਿ ਰਾਜ ਸਰਕਾਰ/ਹੱਥਖੱਡੀ ਏਜੰਸੀਆਂ ਅਜਿਹੀ ਵਿਕਰੀ ਦੇ ਕਿਸੇ ਉਤਪਾਦ ਨੂੰ ਅਲੱਗ ਰਖਣ ਲਈ ਅਜ਼ਾਦ ਹੋਵੇਗੀ ਜੋ ਉਨ੍ਹਾਂ ਦੇ ਨਿਰਣੇ ਨਾਲ ਆਪਣੇ ਆਪ ਵਿਕ ਜਾਏਗੀ। ਹਾਲਾਂਕਿ, ਇਸ ਨਿਰਣੇ ਨੂੰ ਪਹਿਲਾਂ ਹੀ ਲੈਣਾ ਹੋਵੇਗਾ। ਇਹ ਜ਼ਿਕਰ ਕਰਨ ਦੀ ਜ਼ਰੂਰਤ ਨਹੀਂ ਹੈ ਕਿ ਇਸ ਤਰ੍ਹਾਂ ਨਾਲ ਕੱਢੇ ਗਏ ਹੱਥਖੱਡੀ ਉਤਪਾਦ ਇਸ ਯੋਜਨਾ ਦੇ ਅਧੀਨ ਪ੍ਰਤੀਪੂਰਤੀ ਦੇ ਲਈ ਯੋਗ ਨਹੀਂ ਹੋਣਗੇ। ਛੋਟ ਦੀ ਪ੍ਰਤੀਪੂਰਤੀ ਸਿਰਫ਼ ਉਨ੍ਹਾਂ ਫੁਟਕਲ ਵਿਕਰੀ ਉੱਤੇ ਕੀਤੀ ਜਾਏਗੀ ਜਿਨ੍ਹਾਂ ਨੂੰ ਛੋਟ ਦੇ ਕੇ ਵੇਚਿਆ ਗਿਆ ਹੈ।

(iii) ਇਹ ਛੋਟ ਗਾਹਕਾਂ ਨੂੰ ਫੁਟਕਲ ਵਿਕਰੀ ਲਈ ਉਪਲਬਧ ਹੋਵੇਗੀ ਅਤੇ ਪ੍ਰਾਥਮਿਕ ਸੰਗਠਨ ਤੋਂ ਉੱਚ ਪੱਧਰ ਦੇ ਸੰਗਠਨਾਂ ਨੂੰ ਟ੍ਰਾਂਸਫਰ ਕੀਤੇ ਭੰਡਾਰ ਆਦਿ ਉੱਤੇ ਉਪਲਬਧ ਨਹੀਂ ਹੋਵੇਗੀ। ਇਹ ਵੀ ਜ਼ਿਕਰਯੋਗ ਹੈ ਕਿ ਇਕੋ ਵਸਤੂ ਉੱਤੇ ਇਕ ਤੋਂ ਜ਼ਿਆਦਾ ਵਾਰ ਛੋਟ ਨਹੀਂ ਦਿੱਤੀ ਜਾਂਦੀ ਜਾਂ ਦਾਅਵਾ ਕੀਤਾ ਜਾਂਦਾ ਹੈ।

(iv) ਕਾਰਜਕਾਰੀ ਏਜੰਸੀਆਂ ਆਪਣੇ ਦਾਅਵੇ ਸਮੇਂ ਸੀਮਾ ਦੇ ਅਧਾਰ ਤੇ ਅਨੁਬੰਧ-I ਦੇ ਰੂਪ ਵਿਚ ਨੱਥੀ ਨਿਰਧਾਰਤ ਫਾਰਮ 'ਚ ਹੱਥਖੱਡੀ ਵਿਕਾਸ ਕਮਿਸ਼ਨਰ ਵਲੋਂ ਕੀਤੇ ਗਏ ਨਿਰਦੇਸ਼ਾਂ ਦੇ ਅਨੁਸਾਰ ਰਾਜ ਸਰਕਾਰ ਕੋਲ ਕਰਨਗੀਆਂ। ਰਾਜ ਸਰਕਾਰ ਇਸ ਦੀ ਜਾਂਚ ਕਰੇਗੀ ਅਤੇ ਅਨਬੰਧ-II ਵਿਚ ਦਸੇ ਵੇਰਵੇ ਸਹਿਤ ਆਪਣੀਆਂ ਸਿਫਾਰਸ਼ਾਂ ਦੇ ਨਾਲ ਭਾਰਤ ਸਰਕਾਰ ਨੂੰ ਫੰਡ ਜਾਰੀ ਕਰਨ ਲਈ ਭੇਜੇਗੀ।

(v) ਰਾਸ਼ਟਰੀ ਪੱਧਰ ਦੇ ਹੱਥਖੱਡੀ ਸੰਗਠਨ (ਕ) ਏ.ਆਈ.ਐੱਚ.ਐੱਫ.ਐੱਮ.ਸੀ.ਐੱਸ. (ਖ) ਐੱਚ.ਐੱਚ.ਈ.ਸੀ., ਅਤੇ (ਗ) ਐੱਨ.ਐੱਚ.ਡੀ.ਸੀ. ਆਦਿ ਆਪਣੇ ਦਾਅਵੇ ਨਿਰਧਾਰਤ ਫਾਰਮ ਰਾਹੀਂ ਸਿੱਧੇ ਪੇਸ਼ ਕਰਨਗੇ।

(vi) ਰਾਜ ਸਰਕਾਰਾਂ ਖ਼ਾਸ ਪੀਰੀਅਡ ਲਈ ਰਾਜ ਦੀਆਂ ਸਾਰੀਆਂ ਹੱਥਖੱਡੀ ਏਜੰਸੀਆਂ ਨਾਲ ਸਬੰਧਤ ਆਪਣੇ ਦਾਅਵਿਆਂ ਨੂੰ ਸਿਰਫ਼ ਇਕ ਵਾਰ ਇਸ ਪ੍ਰਮਾਣ-ਪੱਤਰ ਦੇ ਨਾਲ ਭੇਜੇਗੀ ਕਿ ਕੀਤੇ ਗਏ ਦਾਅਵੇ ਉਸ ਪੀਰੀਅਡ ਜਿਨ੍ਹਾਂ ਦੇ ਲਈ ਦਾਅਵੇ ਨੂੰ ਚੁਣਿਆ ਗਿਆ ਹੈ, ਦੇ ਲਈ ਪੂਰਾ ਅਤੇ ਅੰਤਮ ਹੈ।

(vii) ਕਾਰਜਕਾਰੀ ਏਜੰਸੀਆਂ ਨੂੰ ਇਕ ਪ੍ਰਮਾਣ-ਪੱਤਰ ਦੇਣਾ ਜ਼ਰੂਰੀ ਹੋਵੇਗਾ ਕਿ ਯੋਜਨਾ ਦੇ ਅਧੀਨ ਦਾਅਵੇ ਨੂੰ ਉਨ੍ਹਾਂ ਵਲੋਂ ਉਨ੍ਹਾਂ ਨਾਲ ਸਬੰਧਤ ਉਨ੍ਹਾਂ ਦੀਆਂ ਮੈਂਬਰ ਸੁਸਾਇਟੀਆਂ ਜਾਂ ਬੁਣਕਰਾਂ ਤੋਂ ਉਤਪਾਦਿਤ/ਜਾਂ ਖਰੀਦੀ ਗਈ ਹੱਥਖੱਡੀ ਦੀ ਵਿਕਰੀ ਦੇ ਮਾਮਲੇ ਵਿਚ ਤਰਜੀਹ ਦਿੱਤੀ ਗਈ ਹੈ।

(viii) ਛੂਟ ਦੀ ਪ੍ਰਤੀਪੂਰਤੀ ਯੋਜਨਾ ਦੇ ਚਾਲੂ ਰਹਿਣ ਦੇ ਦੌਰਾਨ ਕਿਸੇ ਏਜੰਸੀ ਵਲੋਂ ਥੋਕ ਵਿਚ ਜਾਂ ਸਰਕਾਰੀ ਵਿਭਾਗਾਂ ਜਾਂ ਕਿਸੇ ਹੋਰ ਰਾਸ਼ਟਰੀ/ਰਾਜ ਦੀਆਂ ਉੱਘੀਆਂ ਹੱਥਖੱਡੀ ਏਜੰਸੀਆਂ/ਹੱਥਖੱਡੀ ਏਜੰਸੀਆਂ ਜਾਂ ਵਸਤੂ ਵਿਨੀਮਯ (ਅਦਲ-ਬਦਲ) ਪ੍ਰਣਾਲੀ ਉੱਤੇ ਕਿਸੇ ਹੋਰ ਹੱਥਖੱਡੀ ਏਜੰਸੀ ਜਾਂ ਕਮੀਸ਼ਨ ਦੇ ਅਧਾਰ ਤੇ ਵੇਚੇ ਗਏ ਹੱਥਖੱਡੀ ਕੱਪੜੇ ਉੱਤੇ ਉਪਲਬਧ ਨਹੀਂ ਹੋਵੇਗੀ।

(ix) ਇਕ ਪ੍ਰਮਾਣ-ਪੱਤਰ ਦਿੱਤਾ ਜਾਣਾ ਹੋਵੇਗਾ ਕਿ ਛੂਟ, ਜਿਸ ਦੇ ਲਈ ਪ੍ਰਤੀਪੂਰਤੀ ਦਾ ਦਾਅਵਾ ਕੀਤਾ ਗਿਆ ਹੈ, ਅਸਲ ਵਿਚ ਹੱਥਖੱਡੀ ਕੱਪੜਿਆਂ ਦੀ ਵਿਕਰੀ ਉੱਤੇ ਦਿੱਤੀ ਗਈ ਹੈ ਅਤੇ ਹੁਣ ਦਿੱਤੀ ਗਈ ਸਹਾਇਤਾ ਦਾ ਦਾਅਵਾ ਕਿਸੇ ਹੋਰ ਯੋਜਨਾ ਦੇ ਅਧੀਨ ਨਹੀਂ ਕੀਤਾ ਗਿਆ ਹੈ।

(x) ਪ੍ਰਤੀਪੂਰਤੀ ਕਾਰਜਕਾਰੀ ਏਜੰਸੀਆਂ ਨੂੰ ਰਾਜ ਸਰਕਾਰਾਂ ਦੇ ਮਾਧਿਅਮ ਨਾਲ ਉਨ੍ਹਾਂ ਦੀਆਂ ਸਿਫ਼ਾਰਸ਼ਾਂ ਅਤੇ ਸਬੰਧਤ ਏਜੰਸੀ ਦੇ ਮੁੱਖ ਕਾਰਜਕਾਰੀ ਅਫ਼ਸਰ ਅਤੇ ਚਾਰਟਡ ਅਕਾਊਂਟੈਂਟ/ਸਹਿਕਾਰੀ ਓਡੀਟਰ ਦੀ ਮੁਹਰ ਅਤੇ ਉਨ੍ਹਾਂ ਦਾ ਰਜਿਸਟ੍ਰੇਸ਼ਨ ਨੰਬਰ ਜਿਹੋ ਜਿਹੀ ਵੀ ਸਥਿਤੀ ਹੋਵੇ, ਰਾਹੀਂ ਪੇਸ਼ ਪ੍ਰਮਾਣ-ਪੱਤਰ ਦੀ ਜਾਂਚ ਕੀਤੇ ਜਾਣ ਵਾਲੇ ਰਿਕਾਰਡਾਂ ਦੇ ਅਧਾਰ ਤੇ ਨਿਰਧਾਰਤ ਫਾਰਮ ਉੱਤੇ ਪ੍ਰਾਪਤ ਦਾਅਵਿਆਂ ਦੇ ਅਧਾਰ ਤੇ ਕੀਤਾ ਜਾਏਗਾ।

(xi) ਪ੍ਰਮਾਣ-ਪੱਤਰ ਉੱਤੇ ਰਾਜ ਹੱਥਖੱਡੀ ਨਿਦੇਸ਼ਕ/ਕਮਿਸ਼ਨਰ/ਅਫ਼ਸਰ ਵਲੋਂ ਵੀ ਦਸਤਖ਼ਤ ਕੀਤੇ ਹੋਣੇ ਚਾਹੀਦੇ ਹਨ। ਅਜਿਹੇ ਰਿਕਾਰਡਾਂ ਦੀ ਜਾਂਚ ਆਡਿਟ, ਭਾਰਤ ਸਰਕਾਰ ਅਤੇ/ਜਾਂ ਹੱਥਖੱਡੀ ਵਿਕਾਸ ਕਮਿਸ਼ਨਰ ਵਲੋਂ ਕੀਤੀ ਜਾ ਸਕਦੀ ਹੈ। ਰਾਸ਼ਟਰੀ ਪੱਧਰ ਦੇ ਸੰਗਠਨ ਦੇ ਮਾਮਲੇ ਵਿਚ, ਪ੍ਰਤੀਪੂਰਤੀ ਜਾਂਚ ਕੀਤੇ ਜਾਣ ਯੋਗ ਰਿਕਾਰਡਾਂ ਦੇ ਅਧਾਰ ਤੇ ਚਾਰਟਡ ਅਕਾਊਂਟੈਂਟ/ਸਹਿਕਾਰੀ ਓਡਿਟਰਾਂ ਵਲੋਂ ਉਨ੍ਹਾਂ ਦੀ ਮੁਹਰ ਅਤੇ ਰਜਿਸਟ੍ਰੇਸ਼ਨ ਨੰਬਰ, ਜਿਹੋ ਜਿਹੀ ਵੀ ਸਥਿਤੀ ਹੋਵੇ, ਦੇ ਨਾਲ ਪੇਸ਼ ਪ੍ਰਮਾਣ ਪੱਤਰ ਦੇ ਅਧਾਰ ਤੇ ਕੀਤਾ ਜਾਏਗਾ। ਇਸ ਪ੍ਰਮਾਣ ਪੱਤਰ ਉੱਤੇ ਏਜੰਸੀ ਦੇ ਮੁੱਖ ਕਾਰਜਕਾਰੀ ਅਫ਼ਸਰ ਵਲੋਂ ਵੀ ਦਸਤਖ਼ਤ ਕੀਤੇ ਹੋਣੇ ਚਾਹੀਦੇ ਹਨ। ਅਜਿਹੇ ਰਿਕਾਰਡਾਂ ਦੀ ਜਾਂਚ ਓਡੀਟਰ, ਭਾਰਤ ਸਰਕਾਰ ਅਤੇ/ਜਾਂ ਹੱਥਖੱਡੀ ਵਿਕਾਸ ਕਮਿਸ਼ਨਰ ਵਲੋਂ ਕੀਤੀ ਜਾ ਸਕਦੀ ਹੈ।

11. ਇਹ ਨਿਸ਼ਚਿਤ ਕਰਨ ਦੇ ਉਦੇਸ਼ ਨਾਲ ਕਿ ਕਿਸੇ ਰਾਜ ਨੂੰ ਅਨੁਚਿਤ ਅਨੁਪਾਤ ਵਿਚ ਕੁਲ ਵੰਡ ਦਾ ਜ਼ਿਆਦਾ ਹਿੱਸਾ ਨਾ ਮਿਲੇ ਅਤੇ ਉਸ ਦੇ ਮਾਧਿਅਮ ਨਾਲ ਹੋਰ ਰਾਜਾਂ ਨੂੰ ਪ੍ਰਤੀਪੂਰਤੀ ਨਾ ਮਿਲੇ, ਛੋਟ ਸਹੂਲਤਾਂ ਨੂੰ ਇਕ ਤਿਉਹਾਰ ਤੋਂ ਦੂਸਰੇ ਤਕ ਵਧਾਇਆ ਜਾਏਗਾ। ਇਸ ਲਈ, ਹੱਥਖੱਡੀ ਦੇ ਇੰਚਾਰਜ ਨਿਦੇਸ਼ਕ ਤਿਉਹਾਰ/ਪ੍ਰੋਗਰਾਮ ਦੀ ਸਮਾਪਤੀ ਤੋਂ ਇਕ ਮਹੀਨੇ ਦੇ ਅੰਦਰ ਤਿਉਹਾਰ ਪ੍ਰਤੀ ਤਿਉਹਾਰ ਅਧਾਰ ਤੇ ਹੱਥਖੱਡੀ ਵਿਕਾਸ ਕਮਿਸ਼ਨਰ ਦੇ ਦਫ਼ਤਰ ਤੋਂ ਪ੍ਰਤੀਪੂਰਤੀ ਲਈ ਦਿੱਤੀ ਛੂਟ ਦੀ ਰਕਮ ਅਤੇ ਛੋਟ ਵਿਕਰੀ ਦੇ ਅਰੰਭਕ ਅੰਕੜੇ ਪੇਸ਼ ਕਰਨਗੇ। ਨਹੀਂ ਤਾਂ ਉਸ ਰਾਜ ਦੀਆਂ ਪ੍ਰਾਥਮਿਕ ਸੁਸਾਇਟੀਆਂ ਬਾਅਦ ਦੇ ਤਿਉਹਾਰ/ਪ੍ਰੋਗਰਾਮ ਵਿਚ ਛੋਟ ਤੇ ਵਿਕਰੀ ਕਰਨ ਅਤੇ ਉਸ ਅਨੁਸਾਰ ਕਿਸੇ ਛੋਟ ਦਾਅਵਾ ਨੂੰ ਤਰਜੀਹ ਦੇਣ ਦੇ ਯੋਗ ਨਹੀਂ ਹੋਣਗੇ।

12. ਰਾਜ ਦੀਆਂ ਸਾਰੀਆਂ ਹੱਥਖੱਡੀਆਂ ਏਜੰਸੀਆਂ ਦਾ ਵੇਰਵਾ ਅਨੁਬੰਧ-ਜ਼ਜ਼ ਦੇ ਰੂਪ ਵਿਚ ਰਖੇ ਫਾਰਮ ਵਿਚ ਦਰਸਾਇਆ ਜਾਏ ਅਤੇ ਉਸ ਉੱਤੇ ਦਸਤਖ਼ਤ ਸਬੰਧਤ ਰਾਜ ਦੇ ਹੱਥਖੱਡੀ ਇੰਚਾਰਜ ਨਿਦੇਸ਼ਕ ਵਲੋਂ ਆਯੋਜਨ ਵਾਰ/ ਤਿਉਹਾਰ ਵਾਰ ਕੀਤੇ ਜਾਣਗੇ।

13. ਇਸ ਦਫ਼ਤਰ ਨੂੰ ਦਾਅਵੇ ਭੇਜਣ ਤੋਂ ਪਹਿਲਾਂ ਇਹ ਨਿਸ਼ਚਿਤ ਕੀਤਾ ਜਾਏ ਕਿ ਸਾਰੇ ਸਬੰਧਤਾਂ ਨੇ ਦਾਅਵਿਆਂ ਦੇ ਕਾਗਜ਼ਾਤ ਵਿਚ ਸਹੀ ਥਾਂ 'ਤੇ ਦਸਤਖ਼ਤ ਕੀਤੇ ਹਨ ਅਤੇ ਰਾਜ ਦੇ ਹੱਥਖੱਡੀ ਇੰਚਾਰਜ ਨਿਦੇਸ਼ਕ ਵਲੋਂ ਦਸਤਖ਼ਤ ਕੀਤੇ ਗਏ ਹਨ। ਦਾਅਵੇ ਨਾਲ ਸਬੰਧਤ ਸੁਸਾਇਟੀਆਂ, ਤਿਓਹਾਰ/ਆਯੋਜਨ ਅਨੁਸਾਰ ਦਾਅਵਿਆਂ ਦੇ ਵੇਰਵੇ ਆਯੋਜਨ ਦੇ ਦੌਰਾਨ ਕੀਤੀ ਗਈ ਵਿਕਰੀ ਅਤੇ ਵਿਕਰੀ ਉੱਤੇ 10% ਦੀ ਛੋਟ ਨਾਲ ਸਬੰਧਤ ਕੇਂਦਰੀ ਅੰਸ਼ ਦੇ ਵੇਰਵੇ ਸਹਿਤ ਫਲੌਪੀ ਵਿਚ ਅਤੇ ਫੋਟੋਕਾਪੀ ਵਿਚ ਦਿੱਤੀ ਜਾਏ ਤਾਂਕਿ ਫੌਰਨ ਕੇਂਦਰੀ ਸਹਾਇਤਾ ਜਾਰੀ ਕੀਤੀ ਜਾ ਸਕੇ। ਇਹ ਵੀ ਨੋਟ ਕੀਤਾ ਜਾਏ ਕਿ ਰਾਜ ਸਰਕਾਰ ਹਰੇਕ ਆਯੋਜਨ/ਤਿਓਹਾਰ/ਮੇਲਾ ਆਦਿ ਲਈ ਸਿਰਫ਼ ਇਕ ਦਾਅਵਾ ਭੇਜੇ, ਇਹ ਵੀ ਹੱਥਖੱਡੀ ਨਿਦੇਸ਼ਕ ਦਾਅਵੇ ਨੂੰ ਤਰਜੀਹ ਦੇਂਦੇ ਸਮੇਂ ਪ੍ਰਮਾਣਿਤ ਕਰਨ ਕਿ ਇੱਥੇ ਕੀਤੇ ਗਏ ਦਾਅਵੇ ਵਿਚ ਰਾਜ ਦੀਆਂ ਸਾਰੀਆਂ ਯੋਜ ਏਜੰਸੀਆਂ ਸ਼ਾਮਲ ਹੈ ਅਤੇ ਆਯੋਜਨ/ਤਿਓਹਾਰ ਉਸ ਆਯੋਜਨ ਦਾ ਜ਼ਿਕਰ ਕਰਨ ਜਿਸ ਦੇ ਲਈ ਦਾਅਵਾ ਕੀਤਾ ਗਿਆ ਹੈ, ਦੇ ਸਬੰਧ ਵਿਚ ਪੂਰਾ ਅਤੇ ਅੰਤਮ ਹੈ। ਇਹ ਵੀ ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਕਿਸੇ ਹੋਰ ਸੁਸਾਇਟੀ ਨਾਲ ਸਬੰਧਤ ਇਸ ਆਯੋਜਨ ਲਈ ਰਾਜ ਵਲੋਂ ਕੋਈ ਹੋਰ ਦਾਅਵਾ ਪੇਸ਼ ਨਹੀਂ ਕੀਤਾ ਜਾਏਗਾ।

**ਅਨੁਬੰਧ-I**

## ਹੱਥਖੱਡੀ ਕੱਪੜਿਆਂ ਦੀ ਵਿਕਰੀ ਉੱਤੇ 10% ਦੀ ਦਰ ਨਾਲ ਛੂਟ ਦੇ ਕੇ ਹੱਥਖੱਡੀ ਏਜੰਸੀਆਂ ਵਲੋਂ ਕੀਤੀ ਗਈ ਵਿਕਰੀ ਉੱਤੇ ਇਕੋ ਵਾਰ ਦੀ ਛੂਟ ਦੀ ਪ੍ਰਤੀਪੂਰਤੀ ਦਾ ਦਾਅਵਾ ਕਰਨ ਲਈ ਫਾਰਮ

| ਕ੍ਰ.ਨੰ. | ਸਾਰੇ ਕਾਲਮ ਭਰੇ ਜਾਣ। ਜਿੱਥੇ ਕੋਈ ਸੂਚਨਾ ਨਾ ਦਿੱਤੀ ਜਾਣੀ ਹੋਵੇ ਉੱਥੇ "ਜ਼ੀਰੋ" ਦਰਸਾਇਆ ਜਾਏ। | | |
|---|---|---|---|
| 1. | (ਕ) ਰਾਜ ਦਾ ਨਾਂ | | |
| | (ਖ) ਦਾਅਵੇ ਦਾ ਪੀਰੀਅਡ | | |
| 2. | (ਕ) ਰਜਿਸਟ੍ਰੇਸ਼ਨ ਦੇ ਅਨੁਸਾਰ ਏਜੰਸੀ ਦਾ ਨਾਂ | | |
| | (ਖ) ਜ਼ਿਲ੍ਹਾ/ਬਲਾਕ | | |
| 3. | ਏਜੰਸੀ ਦਾ ਰਜਿਸਟ੍ਰੇਸ਼ਨ ਨੰ., ਰਜਿਸਟ੍ਰੇਸ਼ਨ ਦੀ ਤਾਰੀਖ ਸਹਿਤ | | |
| 4. | ਯੋਜਨਾ ਵਿਚ ਦਿੱਤੀ ਨਿਰਧਾਰਤ ਤਾਰੀਖ ਸਹਿਤ ਤਿਉਹਾਰ ਦਾ ਨਾਂ | ਵੇਚੇ ਗਏ ਹੱਥਖੱਡੀ ਸਟਾਕ ਦਾ ਮੁੱਲ | ਵੇਚੇ ਗਏ ਸਟਾਕ ਦੇ ਮੁੱਲ ਦਾ 10% |
| | 1 | 2 | 3 |
| | | | |
| | | | |
| | | | |
| | ਜਾਂ | | |
| | ਵਿਕਾਸ ਕਮਿਸ਼ਨਰ, ਹੱਥਖੱਡੀ ਵਲੋਂ ਮਨਜ਼ੂਰਸ਼ੁਦਾ ਰਾਸ਼ਟਰੀ ਹੱਥਖੱਡੀ ਐਕਸਪੋ/ਵਿਸ਼ੇਸ਼ ਐਕਸਪੋ/ ਜ਼ਿਲ੍ਹਾ ਪੱਧਰੀ ਕਾਰਜਾਂ ਅਤੇ ਸ਼ਿਲਪ ਮੇਲਿਆਂ ਦੇ ਨਾਂ, ਤਾਰੀਖ ਸਹਿਤ | | |
| | | | |
| | | | |
| | | | |
| | ਜਾਂ | | |
| 5. | ਰਾਜ ਸਰਕਾਰ ਵਲੋਂ ਮਾਨਤਾ ਪ੍ਰਾਪਤ ਤਿਉਹਾਰ/ ਆਯੋਜਨ ਦਾ ਨਾਂ ਜਿਸ ਵਿਚ ਸੱਤ ਦਿਨ ਲਈ ਛੋਟ ਦਿੱਤੀ ਗਈ ਹੈ, ਤਾਰੀਖ ਸਹਿਤ | ਰੁਪਏ | |
| | | ਰੁਪਏ | |
| | ਕੁਲ | ਰੁਪਏ | |
| 6. | ਕੇਂਦਰੀ ਸਹਾਇਤਾ ਦੇ ਰੂਪ ਵਿਚ ਦਾਅਵਾ ਕੀਤੀ ਗਈ ਕੁਲ ਛੋਟ | | |

7. ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਇੱਥੇ ਉਪਰ ਦਾਅਵਾ ਕੀਤੀ ਗਈ ਛੂਟ ਦੀ ਰਕਮ ਸਿਰਫ਼ ਖੁਦਰਾ ਵਿਕਰੀ ਨਾਲ ਸਬੰਧਤ ਹੈ ਅਤੇ ਪਹਿਲਾਂ ਇਸ ਦਾ ਦਾਅਵਾ ਨਹੀਂ ਕੀਤਾ ਗਿਆ।

8. ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਹੱਥਖੱਡੀ ਸਮਾਨ ਦੀ ਉਪਰੋਕਤ ਵਿਕਰੀ ਕਾਰੋਬਾਰ 'ਤੇ ਛੂਟ ਲਈ ਦਾਅਵਾ ਕੀਤਾ ਗਿਆ ਹੈ। ਦੀਨ ਦਿਆਲ ਹੱਥਖੱਡੀ ਪ੍ਰੋਤਸਾਹਨ ਯੋਜਨਾ ਦੇ ਅਧੀਨ ਕਿਸੇ ਵੀ ਸਬੰਧਤ ਪਿਛਲੇ ਸਾਲਾਂ ਵਿਚ ਵਪਾਰ ਪ੍ਰੋਤਸਾਹਨ ਦਾਅਵੇ ਲਈ ਔਸਤ ਵਿਕਰੀ ਕਾਰੋਬਾਰ ਦੀ ਗਿਣਤੀ ਲਈ ਸਾਲ ਦੇ ਸਾਲਾਨਾ ਵਿਕਰੀ ਕਾਰੋਬਾਰ ਵਿਚ ਸ਼ਾਮਲ ਨਹੀਂ ਕੀਤੀ ਗਈ ਹੈ/ਕੀ ਜਾਏਗੀ, ਜੈਸਾ ਵੀ ਮਾਮਲਾ ਹੋਵੇ,

9. (ਕ) ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਉਪਰੋਕਤ ਦਾਅਵੇ ਏਜੰਸੀ ਨਾਲ ਸਬੰਧਤ ਬੁਣਕਰਾਂ ਵਲੋਂ ਉਤਪਾਦਿਤ ਹੱਥਖੱਡੀ ਉਤਪਾਦਾਂ ਅਤੇ/ਜਾਂ ਏਜੰਸੀ ਨਾਲ ਸਬੰਧਤ ਮੈਂਬਰ ਸਹਿਕਾਰੀ ਸੁਸਾਇਟੀਆਂ, ਨਿਗਮਾਂ/ਉੱਘੀਆਂ ਸੁਸਾਇਟੀਆਂ/ਰਾਸ਼ਟਰੀ ਪੱਧਰ ਦੀ ਸੁਸਾਇਟੀ ਦੇ ਸਬੰਧ ਵਿਚ (ਜੈਸੀ ਵੀ ਸਥਿਤੀ ਹੋਵੇ), ਨਾਲ ਖਰੀਦੇ ਗਏ ਉਤਪਾਦਾਂ ਦੀ ਵਿਕਰੀ ਦੇ ਸਬੰਧ ਵਿਚ ਹੈ। ਜਾਂ

(ਖ) ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਉਪਰੋਕਤ ਦਾਅਵੇ ਏਜੰਸੀ (ਪ੍ਰਾਥਮਿਕ ਸੁਸਾਇਟੀ ਦੇ ਮਾਮਲੇ ਵਿਚ) ਵਲੋਂ ਰੀਦੇ ਗਏ ਕੱਪੜੇ ਦੇ ਸਬੰਧ ਵਿਚ ਹਨ।

10. ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਜਿਨ੍ਹਾਂ ਹੱਥਖੱਡੀ ਕੱਪੜਿਆਂ ਦੀ ਵਿਕਰੀ ਦੇ ਸਬੰਧ ਵਿਚ ਉਪਰੋਕਤ ਛੂਟ ਦਾ ਦਾਅਵਾ ਕੀਤਾ ਗਿਆ ਹੈ ਉਹ ਫੁਟਕਲ ਵਿਕਰੀ ਹਨ ਅਤੇ ਉਨ੍ਹਾਂ ਵਿਚ ਕਾਰੋਬਾਰੀ ਵਿਕਰੀ ਜਾਂ ਸਰਕਾਰੀ ਵਿਭਾਗ ਜਾਂ ਸਰਕਾਰੀ ਏਜੰਸੀ ਜਾਂ ਰਾਜ ਹੱਥਖੱਡੀ ਨਿਗਮ ਜਾਂ ਰਾਸ਼ਟਰੀ/ਰਾਜ ਹੱਥਖੱਡੀ ਉੱਘੀਆਂ ਸੁਸਾਇਟੀਆਂ/ਬੋਰਡਾਂ ਜਾਂ ਹੋਰ ਕਿਸੇ ਹੱਥਖੱਡੀ ਏਜੰਸੀ ਨੂੰ ਕੀਤੀ ਗਈ ਵਿਕਰੀ ਜਾਂ ਲੈਣ-ਦੇਣ ਪ੍ਰਣਾਲੀ 'ਤੇ ਵਿਕਰੀ ਜਾਂ ਕਮੀਸ਼ਨ ਅਧਾਰ 'ਤੇ ਵਿਕਰੀ ਸ਼ਾਮਲ ਨਹੀਂ ਹੈ।

11. ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਇਸ ਯੋਜਨਾ ਦੇ ਅਧੀਨ ਦਾਅਵੇ ਏਜੰਸੀ ਵਲੋਂ ਇਸ ਨਾਲ ਸਬੰਧਤ ਹੱਥਖੱਡੀ ਬੁਣਕਰਾਂ/ ਮੈਂਬਰ ਹੱਥਖੱਡੀ ਬੁਣਕਰ ਸਹਿਕਾਰੀ ਸੁਸਾਇਟੀਆਂ ਤੋਂ ਸੁਸਾਇਟੀਆਂ ਵਲੋਂ ਉਤਪਾਦਿਤ/ਤੋਂ ਖਰੀਦੇ ਗਏ ਹੱਥਖੱਡੀ ਕੱਪੜਿਆਂ ਦੀ ਵਿਕਰੀ ਦੇ ਲਈ ਕੀਤੇ ਗਏ ਹਨ।

12. ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਏਜੰਸੀ ਵਲੋਂ ਉਪਰੋਕਤ ਵਿਸ਼ੇਸ਼ ਛੂਟ ਗਾਹਕਾਂ ਨੂੰ ਦਿੱਤੀ ਗਈ ਹੈ ਅਤੇ ਇਸ ਦਾ ਦਾਅਵਾ ਹੋਰ ਕਿਸੇ ਯੋਜਨਾ ਦੇ ਅਧੀਨ ਨਹੀਂ ਕੀਤਾ ਗਿਆ ਹੈ।

13. ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਉਪਰੋਕਤ ਵੇਰਵਾ ਸਹੀ ਹੈ/ਸਹਾਇਤਾ ਪ੍ਰਾਪਤਕਰਤਾ ਏਜੰਸੀ ਦੇ ਵਹੀ ਖਾਤਿਆਂ ਨਾਲ ਤਸਦੀਕਸ਼ੁਦਾ ਹੈ।

ਏਜੰਸੀ ਦੇ ਪ੍ਰਬੰਧ ਨਿਦੇਸ਼ਕ/
ਮੁੱਖ ਕਾਰਜਕਾਰੀ ਅਫ਼ਸਰ ਦੇ
ਦਸਤਖ਼ਤ ਦਫ਼ਤਰ ਮੋਹਰ ਸਹਿਤ

ਸਹਿਕਾਰੀ ਓਡੀਟਰ
ਚਾਰਟਡ ਅਕਾਊਂਟੈਂਟ ਦੇ
ਦਸਤਖ਼ਤ ਦਫ਼ਤਰ ਮੋਹਰ ਸਹਿਤ
ਰਜਿਸਟ੍ਰੇਸ਼ਨ ਨੰ. ਸਹਿਤ

# ਪ੍ਰਮਾਣ-ਪੱਤਰ

1. ਤਸਦੀਕ ਅਤੇ ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਇਹ ਵਿਸ਼ਵਾਸ ਕਰਨ ਦਾ ਕੋਈ ਕਾਰਨ ਨਹੀਂ ਹੈ ਕਿ ਗ੍ਰਾਂਟੀ ਸੰਸਥਾ ਭ੍ਰਿਸ਼ਟਾਚਾਰ ਵਿਚ ਸ਼ਾਮਲ ਹੈ।
2. ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਉਪਰੋਕਤ ਪ੍ਰਸਤਾਵ ਦੇ ਅਧੀਨ ਪੇਸ਼ ਦਾਅਵਿਆਂ ਦੀ ਦੁਹਰਾਈ ਨਹੀਂ ਹੋਈ ਹੈ। ਇਹ ਵੀ ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਦਾਅਵਾ ਕੀਤੀ ਗਈ ਪ੍ਰਤੀਪੂਰਤੀ ਪਹਿਲਾਂ ਨਹੀਂ ਲਈ ਗਈ ਹੈ।
3. ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਇਸ ਯੋਜਨਾ ਦੀਆਂ ਸਾਰੀਆਂ ਸ਼ਰਤਾਂ ਨੂੰ ਪੂਰਾ ਕੀਤਾ ਗਿਆ ਹੈ।
4. ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਸੰਸਥਾ ਹਾਲੀਂ ਮੌਜੂਦ ਹੈ ਅਤੇ ਰਾਜ ਜਾਂ ਕਿਸੇ ਹੋਰ ਮਾਨਤਾ ਪ੍ਰਾਪਤ ਨਿਗਮ ਵਲੋਂ ਇਸ ਉੱਤੇ ਰੋਕ ਨਹੀਂ ਲਗਾਈ ਗਈ ਹੈ।

ਦਸਤਖ਼ਤ
ਹੱਥਖੱਡੀ ਅਤੇ ਕੱਪੜਾ ਨਿਦੇਸ਼ਕ,
ਦਫ਼ਤਰ ਮੋਹਰ ਸਹਿਤ

**ਅਨੁਬੰਧ-II**

## ਰਾਜ ਹੱਥਖੱਡੀ ਇੰਚਾਰਜ ਨਿਦੇਸ਼ਕ ਵਲੋਂ ਇਕ ਵਾਰ ਦੀ 10 ਪ੍ਰਤੀਸ਼ਤ ਛੂਟ ਯੋਜਨਾ ਦੇ ਅਧੀਨ ਕੇਂਦਰੀ ਸਹਾਇਤਾ ਦੇ ਦਾਅਵੇ ਲਈ ਦਿੱਤਾ ਜਾਣ ਵਾਲਾ ਵਿਸਤਾਰਪੂਰਵਕ ਵੇਰਵਾ

| | | | |
|---|---|---|---|
| **ਕ** | **ਰਾਜ ਦਾ ਨਾਂ** | | |
| ਖ | ਆਯੋਜਨ/ਤਿਉਹਾਰ/ਮੇਲੇ ਦਾ ਨਾਂ | | |
| **ਕ੍ਰ. ਨੰ.** | **ਹੱਥਖੱਡੀ ਏਜੰਸੀ ਦਾ ਨਾਂ** | **ਆਯੋਜਨ ਤੇ ਵੇਚਿਆ ਗਿਆ ਹੱਥਖੱਡੀ ਸਟਾਕ ਦਾ ਕੁਲ ਮੁੱਲ** | **ਵੇਚੇ ਗਏ ਸਟਾਕ ’ਤੇ 10%** |
| 1. | 2. | 3. | 4. |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| ਕ੍ਰਮਵਾਰ | | | |
| ਕੁਲ | | | |

## ਪ੍ਰਮਾਣ-ਪੱਤਰ

1. ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ................. ਰਾਜ ਦੇ ਸਬੰਧ ਵਿਚ ਏਜੰਸੀਆਂ ਵਲੋਂ ਕੀਤੇ ਗਏ ਸਿੰਗਲ ਦਾਅਵਿਆਂ ਅਤੇ ਨੱਥੀ ਅਨੁਬੰਧ ਦੇ ਅਨੁਸਾਰ ਉਪਰੋਕਤ ਵੇਰਵਾ ਤਿਆਰ ਕੀਤਾ ਗਿਆ ਹੈ।

2. ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਵਿਕਰੀ ਕਾਰੋਬਾਰ ਜਿਸ ਉੱਤੇ ਰਾਜ ਦੇ ਹੱਥਖੱਡੀ ਏਜੰਸੀਆਂ ਵਲੋਂ ਛੂਟ ਦਾ ਦਾਅਵਾ ਕੀਤਾ ਗਿਆ ਹੈ, ਦੀਨ ਦਿਆਲ ਹੱਥਖੱਡੀ ਪ੍ਰੋਤਸਾਹਨ ਯੋਜਨਾ ਦੇ ਅਧੀਨ ਵਪਾਰ ਪ੍ਰੋਤਸਾਹਨ ਦਾ ਦਾਅਵਾ ਕਰਨ ਲਈ ਔਸਤ ਵਿਕਰੀ ਕਾਰੋਬਾਰ ਦੀ ਗਿਣਤੀ ਲਈ ਸਬੰਧਤ ਸੁਸਾਇਟੀਆਂ ਦੇ ਵਿਕਰੀ ਕਾਰੋਬਾਰ ਵਿਚ ਸ਼ਾਮਲ ਨਹੀਂ ਕੀਤਾ ਗਿਆ ਹੈ/ਨਹੀਂ ਕੀਤਾ ਜਾਏਗਾ।

3. ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਪ੍ਰਸਤਾਵ ਦੇ ਅਧੀਨ ਪੇਸ਼ ਦਾਅਵਿਆਂ ਦੀ ਦੁਹਰਾਈ ਨਹੀਂ ਕੀਤੀ ਗਈ ਹੈ। ਇਹ ਵੀ ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਹੁਣ ਦਿੱਤੇ ਗਏ ਪ੍ਰਤੀਪੂਰਤੀ ਸਬੰਧੀ ਦਾਅਵੇ ਪਹਿਲਾਂ ਨਹੀਂ ਦਿੱਤੇ ਗਏ।

4. ਯੋਜਨਾ ਦੀਆਂ ਸਾਰੀਆਂ ਸ਼ਰਤਾਂ ਨੂੰ ਪੂਰਾ ਕਰਨ ਦਾ ਪ੍ਰਮਾਣ ਪੱਤਰ ਹੈ।

5. ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਸਹਾਇਤਾ ਪ੍ਰਾਪਤਕਰਤਾ ਸੰਸਥਾਵਾਂ ਮੌਜੂਦ ਹਨ ਅਤੇ ਰਾਜ ਜਾਂ ਕਿਸੇ ਹੋਰ ਮਾਨਤਾ ਪ੍ਰਾਪਤ ਨਿਗਮ ਵਲੋਂ ਇਨ੍ਹਾਂ ਉੱਤੇ ਰੋਕ ਨਹੀਂ ਲਗਾਈ ਗਈ ਹੈ।

6. ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ...... ਰਾਜ ਵਿਚ .... ਆਯੋਜਨ/ਤਿਉਹਾਰ ਦੇ ਸਬੰਧ ਵਿਚ ਹੱਥਖੱਡੀ ਏਜੰਸੀਆਂ ਵਲੋਂ ਹੁਣ ਕੀਤਾ ਗਿਆ ਦਾਅਵਾ ਅੰਤਮ ਹੈ ਅਤੇ ਭਵਿੱਖ ਵਿਚ ਉਪਰੋਕਤ ਆਯੋਜਨ ਦੇ ਸਬੰਧ ਵਿਚ ਰਾਜ ਵਲੋਂ ਕੋਲ ਦਾਅਵਾ(ਦਾਅਵੇ) ਨਹੀਂ ਕੀਤਾ/ਕੀਤਾ ਜਾਏਗਾ/ਜਾਣਗੇ।

7. ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਹੁਣ ਤਕ 10% ਛੂਟ ਯੋਜਨਾ ਦੇ ਅਧੀਨ ਦਿੱਤੀ ਪੂਰੀ ਸਹਾਇਤਾ ਅਸਲ ਵਿਚ ਸਬੰਧਤ ਸਹਾਇਤਾ ਪ੍ਰਾਪਤਕਰਤਾ ਸੰਸਥਾਵਾਂ ਨੂੰ ਪੂਰਨ ਰੂਪ ਨਾਲ ਦੇ ਦਿੱਤੀ ਗਈ ਹੈ।

8. ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਸਹਾਇਤਾ ਪ੍ਰਾਪਤਕਰਤਾ ਸੰਗਠਨ ਨੂੰ 10% ਛੂਟ ਯੋਜਨਾ ਦੇ ਅਧੀਨ ਸਹਾਇਤਾ ਦੇ ਕੇਂਦਰੀ ਹਿੱਸੇ ਦੀ ਵੰਡ ਦੇ ਸਬੰਧ ਵਿਚ ਰਾਜ ਵਿਚ ਕੋਈ ਸ਼ਿਕਾਇਤ ਪ੍ਰਾਪਤ ਨਹੀਂ ਹੋਈ ਹੈ।

9. ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਸਹਾਇਤਾ ਪ੍ਰਾਪਤਕਰਤਾ ਸੰਗਠਨ ਦਾ ਰਿਕਾਰਡ ਅਤੇ ਰਜਿਸਟਰ ਦੀ ਜਾਂਚ ਅਤੇ ਤਸਦੀਕ ਨਿਦੇਸ਼ਾਲੇ ਦੇ ਫੀਲਡ ਅਫ਼ਸਰਾਂ ਵਲੋਂ ਸਹੀ ਢੰਗ ਕੀਤੀ ਗਈ ਅਤੇ ਇਹ ਤਸਦੀਕ ਸਹੀ ਹਨ।

ਹੱਥਖੱਡੀ ਇੰਚਾਰਜ ਨਿਦੇਸ਼ਕ
ਸਰਕਾਰੀ ਮੋਹਰ